Formal caution to suspend

Using the telephone interpreter service to contact the school

# ਮੁਅੱਤਲ ਕਰਨ ਲਈ ਰਸਮੀ ਚੇਤਾਵਨੀ

## ਸਕੂਲ ਨਾਲ ਸੰਪਰਕ ਕਰਨ ਲਈ ਟੈਲੀਫ਼ੋਨ ਦੁਭਾਸ਼ੀਆ ਸੇਵਾ ਦੀ ਵਰਤੋਂ ਕਰਨਾ

ਵਿਦਿਆਰਥੀ ਦਾ ਨਾਮ

Name of student

ਸਤਿਕਾਰਯੋਗ ਮਾਪਿਓ/ਸੰਭਾਲ ਕਰਨ ਵਾਲਿਓ

ਇਹ ਨਾਲ ਨੱਥੀ ਚਿੱਠੀ ਵਿੱਚ ਮੁਅੱਤਲ ਕਰਨ ਲਈ ਰਸਮੀ ਚੇਤਾਵਨੀ ਦੇ ਵੇਰਵਿਆਂ ਬਾਰੇ ਦੱਸਿਆ ਗਿਆ ਹੈ ਜੋ ਮੈਂ NSW ਸਿੱਖਿਆ ਵਿਭਾਗ ਦੀ ਵਿਦਿਆਰਥੀ ਵਿਵਹਾਰ ਨੀਤੀ ਅਤੇ ਮੁਅੱਤਲੀ ਅਤੇ ਬਾਹਰ ਕੱਢਣ ਦੀਆਂ ਪ੍ਰਕਿਰਿਆਵਾਂ ਦੇ ਅਨੁਸਾਰ ਤੁਹਾਡੇ ਬੱਚੇ ਨੂੰ ਜਾਰੀ ਕੀਤੀ ਹੈ।

ਇਹ ਚਿੱਠੀ ਤੁਹਾਨੂੰ ਮੁਅੱਤਲੀ ਦੀ ਇਸ ਰਸਮੀ ਚੇਤਾਵਨੀ ਬਾਰੇ ਗੱਲਬਾਤ ਕਰਨ ਲਈ ਮੀਟਿੰਗ ਵਿੱਚ ਆਉਣ ਦਾ ਸੱਦਾ ਦਿੰਦੀ ਹੈ ਤਾਂ ਜੋ ਅਸੀਂ ਤੁਹਾਡੇ ਬੱਚੇ ਵਾਸਤੇ ਸਹਾਇਤਾ ਦੀ ਯੋਜਨਾ ਬਣਾਉਣ ਲਈ ਮਿਲ ਕੇ ਕੰਮ ਕਰ ਸਕੀਏ। ਜੇ ਤੁਹਾਨੂੰ ਨਾਲ ਨੱਥੀ ਚਿੱਠੀ ਨੂੰ ਸਮਝਣ ਵਿੱਚ ਮੁਸ਼ਕਿਲ ਆਉਂਦੀ ਹੈ ਤਾਂ ਕਿਰਪਾ ਕਰਕੇ ਸਕੂਲ ਨਾਲ ਸੰਪਰਕ ਕਰੋ ਤਾਂ ਜੋ ਅਸੀਂ ਸਮਝਾ ਸਕੀਏ।

ਤੁਹਾਨੂੰ ਮੁਅੱਤਲ ਕਰਨ ਲਈ ਰਸਮੀ ਚੇਤਾਵਨੀ ਮਿਲ ਜਾਣ ਦਾ ਜਵਾਬ ਦੇਣ ਲਈ ਕਿਹਾ ਜਾਂਦਾ ਹੈ। ਇਸ ਮਕਸਦ ਲਈ ਨਾਲ ਇਕ ਵੱਖਰਾ ਫਾਰਮ ਨੱਥੀ ਕੀਤਾ ਗਿਆ ਹੈ। ਜੇ ਤੁਹਾਡੇ ਬੱਚੇ ਨੂੰ ਰਸਮੀ ਚੇਤਾਵਨੀ ਮਿਲਦੀ ਹੈ ਤਾਂ ਤੁਹਾਨੂੰ ਕੀ ਜਾਣਨ ਦੀ ਲੋੜ ਹੈ, ਇਸ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ।

ਸਕੂਲ ਨਾਲ ਸੰਪਰਕ ਕਰਦੇ ਸਮੇਂ ਜੇ ਤੁਹਾਨੂੰ ਦੁਭਾਸ਼ੀਏ ਦੀ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ 131 450 ਨੂੰ ਫ਼ੋਨ ਕਰੋ ਅਤੇ ਆਪਣੀ ਭਾਸ਼ਾ ਵਿੱਚ ਦੁਭਾਸ਼ੀਏ ਦੀ ਮੰਗ ਕਰੋ। ਔਪਰੇਟਰ ਨੂੰ ਉਹ ਫ਼ੋਨ ਨੰਬਰ ਦੱਸੋ ਜਿਸ ਨੂੰ ਤੁਸੀਂ ਫ਼ੋਨ ਕਰਨਾ ਚਾਹੁੰਦੇ ਹੋ, ਅਤੇ ਉਹ ਤੁਹਾਡੀ ਗੱਲਬਾਤ ਵਿੱਚ ਤੁਹਾਡੀ ਮਦਦ ਕਰਨ ਲਈ ਲਾਈਨ 'ਤੇ ਦੁਭਾਸ਼ੀਏ ਨੂੰ ਲਿਆਉਣਗੇ। ਇਸ ਸੇਵਾ ਵਾਸਤੇ ਤੁਹਾਡੇ ਕੋਲੋਂ ਕੋਈ ਫ਼ੀਸ ਨਹੀਂ ਲਈ ਜਾਵੇਗੀ।

ਪ੍ਰਿੰਸੀਪਲ ਦਾ ਨਾਮ

Name of Principal

ਪ੍ਰਿੰਸੀਪਲ ਦਾ ਫ਼ੋਨ ਨੰਬਰ

Principal’s phone number

## ਮੁਅੱਤਲ ਕਰਨ ਲਈ ਰਸਮੀ ਚੇਤਾਵਨੀ - ਮਾਪੇ/ਸੰਭਾਲ ਕਰਨ ਵਾਲਿਆਂ ਦਾ ਜਵਾਬ

## Formal caution to suspend - Parent/carer response

**ਕਿਰਪਾ ਕਰਕੇ ਇਸ ਫਾਰਮ ਨੂੰ ਹੇਠਾਂ ਸੂਚੀਬੱਧ ਈਮੇਲ ਪਤੇ 'ਤੇ ਜਾਂ ਸਕੂਲ ਦੇ ਦਫ਼ਤਰ ਨੂੰ ਵਾਪਸ ਭੇਜੋ**

ਵਿਦਿਆਰਥੀ ਦਾ ਨਾਮ
Name of student ______________________________

ਜਵਾਬ ਵਾਪਸ ਭੇਜਣ ਲਈ ਸਕੂਲ ਦਾ ਈਮੇਲ ਪਤਾ
School email address for return of response ______________________________

**ਮਾਪੇ/ਸੰਭਾਲ ਕਰਨ ਵਾਲਿਆਂ ਨੂੰ ਹੇਠਾਂ ਦਿੱਤੇ ਵੇਰਵਿਆਂ ਨੂੰ ਅੰਗਰੇਜ਼ੀ ਵਿੱਚ ਪੂਰਾ ਕਰਨਾ ਚਾਹੀਦਾ ਹੈ**

- ☐ ਮੈਂ ਮੁਅੱਤਲ ਕਰਨ ਦੀ ਰਸਮੀ ਚੇਤਾਵਨੀ ਨੂੰ ਨੋਟ ਕਰ ਲਿਆ ਹੈ ਅਤੇ ਇਸ ਬਾਰੇ ਆਪਣੇ ਬੱਚੇ ਨਾਲ ਵਿਚਾਰ-ਵਟਾਂਦਰਾ ਕੀਤਾ ਹੈ।
  I have noted the formal caution to suspend and discussed it with my child.
- ☐ ਮੈਂ ਆਪਣੇ ਬੱਚੇ ਦੀ ਸਹਾਇਤਾ ਕਰਨ ਲਈ ਯੋਜਨਾ ਵਿਕਸਤ ਕਰਨ ਲਈ ਸਕੂਲ ਨਾਲ ਮੁਲਾਕਾਤ ਕਰਾਂਗਾ/ਗੀ।
  I will meet with the school to develop a plan to support my child.
- ☐ ਵਾਧੂ - ਮੈਂ ਆਪਣੇ ਨਾਲ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਸਹਾਇਤਾ ਕਰਨ ਵਾਲਾ ਵਿਅਕਤੀ ਲਿਆਵਾਂਗਾ/ਗੀ।
  Optional - I will bring a support person to attend the meeting with me.
- ☐ ਵਾਧੂ - ਮੈਨੂੰ ਮੀਟਿੰਗ ਵਿੱਚ ਦੁਭਾਸ਼ੀਏ ਦੀ ਲੋੜ ਪਵੇਗੀ।
  Optional - I will need an interpreter at the meeting.

ਮਾਪੇ/ਸੰਭਾਲ ਕਰਨ ਵਾਲੇ ਦਾ ਨਾਮ (ਕਿਰਪਾ ਕਰਕੇ ਲਿਖੋ) ______________________________
Name of parent/carer

ਮਾਪੇ/ਸੰਭਾਲ ਕਰਨ ਵਾਲੇ ਦੇ ਦਸਤਖ਼ਤ ______________________ ਤਰੀਕ ______________
Signature of parent/carer Date

ਮਾਪੇ/ਸੰਭਾਲ ਕਰਨ ਵਾਲੇ ਨੂੰ ਤਰਜੀਹੀ ਸੰਪਰਕ ਵਿਧੀ ਦੇ ਵੇਰਵੇ ਜਿਵੇਂ ਕਿ ਮੋਬਾਈਲ ਨੰਬਰ, ਈਮੇਲ ਪਤਾ ਪ੍ਰਦਾਨ ਕਰਨਾ ਚਾਹੀਦਾ ਹੈ

ਮੇਰੀ ਤਰਜੀਹੀ ਸੰਪਰਕ ਵਿਧੀ ਹੈ: ______________________________
Parent's/carer's preferred contact method

ਮੇਰੇ ਸੰਪਰਕ ਵੇਰਵੇ ਇਹ ਹਨ: ______________________________
Parent's/carer's contact details